18

# ਆਤਮਾ ਅਤੇ ਸੱਚਾਈ ਨਾਲ ਪ੍ਰਭੂ ਭੋਜ

ਯਿਸੂ ਮੁਤਾਬਕ ਖ਼ੁਦਾ ਦੀ ਬੰਦਗੀ ਵਿਚ ਦੋ ਗੱਲਾਂ ਖ਼ਾਸ ਕਰਕੇ ਹੋਣੀਆਂ ਜ਼ਰੂਰੀ ਹਨ ਭਾਵ ਬੰਦਗੀ ਆਤਮਾ ਤੋਂ ਹੋਣੀ ਚਾਹੀਦੀ ਹੈ ਅਤੇ ਸੱਚਾਈ ਨਾਲ ਵੀ ਹੋਣੀ ਚਾਹੀਦੀ ਹੈ। ਕਿਸੇ ਕੰਮ ਨੂੰ ਸੱਚਾਈ ਨਾਲ ਕਰਨ ਤੋਂ ਭਾਵ ਹੈ ਕਿ ਇਹ ਸੱਚਾਈ, ਭਾਵ ਖ਼ੁਦਾ ਦੇ ਵਚਨ ਮੁਤਾਬਕ ਕੀਤਾ ਗਿਆ ਹੈ (ਯੂਹੰਨਾ 17:17)। ''ਆਤਮਾ ਤੋਂ'' ਦਾ ਭਾਵ ਮਨ ਦੇ ਸਹੀ ਵਿਹਾਰ ਜਾਂ ਇਜ਼ਹਾਰ ਹੈ। ਇਹ ਕਾਇਦੇ ਮੁਤਾਬਕ ਭਾਵ ਸਹੀ ਢੰਗ ਨਾਲ ਕੀਤੇ ਜਾਣ ਵਾਲੇ ਸਹੀ ਕੰਮ, ਬੰਦਗੀ ਦੇ ਹਰ ਕੰਮ ਵਿਚ ਲਾਗੂ ਹੋਣੇ ਜ਼ਰੂਰੀ ਹਨ। ਪਰ ਇਸ ਪਾਠ ਵਿਚ ਉਨ੍ਹਾਂ ਨੂੰ ਖ਼ਾਸ ਤੌਰ 'ਤੇ ਬੰਦਗੀ ਦੇ ਹਿੱਸੇ ਭਾਵ ਪ੍ਰਭੂ ਭੋਜ 'ਤੇ ਲਾਗੂ ਕਰਾਂਗੇ।

## ਸੱਚਾਈ ਨਾਲ

ਸੱਚਾਈ ਨਾਲ ਪ੍ਰਭੂ ਭੋਜ ਲੈਣ ਬਾਰੇ ਪ੍ਰਭੂ ਦਾ ਵਚਨ ਕੀ ਸਿਖਾਉਂਦਾ ਹੈ?

ਪਹਿਲਾਂ ਤਾਂ ਇਹ ਸਿਖਾਉਂਦਾ ਹੈ ਕਿ ਪ੍ਰਭੂ ਭੋਜ ਲਿਆ ਜਾਣਾ ਜ਼ਰੂਰੀ ਹੈ। ਇਸ ਰੂਹਾਨੀ ਭੋਜ ਦੀ ਅਹਿਮੀਅਤ ਇਸ ਸੱਚਾਈ ਵਿਚ ਵੇਖੀ ਜਾਂਦੀ ਹੈ ਕਿ ਇਹਦਾ ਹੁਕਮ ਪ੍ਰਭੂ ਨੇ ਦਿੱਤਾ ਸੀ (ਮੱਤੀ 26:26-29; ਮਰਕੁਸ 14:22-25; ਲੂਕਾ 22:14-20)। ਇਹਦੀ ਸ਼ੁਰੂਆਤ ਉਹਦੇ ਮਨ ਵਿਚ ਹੋਈ। ਉਹਦੇ ਮਨ ਵਿੱਚੋਂ ਕਦੇ ਵੀ ਕੋਈ ਚੀਜ਼ ਅਜਿਹੀ ਨਹੀਂ ਨਿਕਲੀ ਜੋ ਗ਼ੈਰ ਜ਼ਰੂਰੀ ਜਾਂ ਬੇਲੋੜੀ ਹੋਵੇ। ਯਿਸੂ ਦੇ ਉੱਪਰ ਉਠਾਏ ਜਾਣ ਦੇ ਬਾਅਦ ਇਕ ਚੁਣੇ ਹੋਏ ਚੇਲੇ ਨੂੰ ਪ੍ਰਭੂ ਭੋਜ ਦੇ ਸਬੰਧ ਵਿਚ ਹਦਾਇਤਾਂ ਮਿਲੀਆਂ ਸਨ (1 ਕੁਰਿੰਥੀਆਂ 11)। ਲੂਕਾ ਨੇ ਇਸ ਸੱਚਾਈ ਨੂੰ ਦਰਜ ਕੀਤਾ ਕਿ ਅਰੰਭਿਕ ਮਸੀਹੀ ਇਹਨੂੰ ਲੈਂਦੇ ਸਨ (ਰਸੂਲਾਂ ਦੇ ਕੰਮ 2:42; 20:7)। ਖ਼ੁਦਾ ਨਾਲ ਪਿਆਰ ਕਰਨ ਦਾ ਮਤਲਬ ਉਹਦੇ ਹੁਕਮਾਂ ਨੂੰ ਮੰਨਣਾ ਹੈ (1 ਯੂਹੰਨਾ 5:3)। ਭਲਾ ਜਿਹੜਾ ਬੰਦਾ ਪ੍ਰਭੂ ਭੋਜ ਨਹੀਂ ਖਾਂਦਾ ਉਹ ਖ਼ੁਦਾ ਨਾਲ ਪਿਆਰ ਦਾ ਦਾਅਵਾ ਕਰ ਸਕਦਾ ਹੈ? ਭਲਾ ਇਹ ਕਿਹਾ ਜਾ ਸਕਦਾ ਹੈ ਕਿ ਪ੍ਰਭੂ ਭੋਜ ਨਾ ਲੈਣ ਵਾਲਾ ਆਦਮੀ ਖ਼ੁਦਾ ਦਾ ਹੁਕਮ ਮੰਨਦਾ ਹੈ? ਵਿਸ਼ਵਾਸੀ ਮਸੀਹੀ ਲਈ, ਪ੍ਰਭੂ ਭੋਜ ਵਿਚ ਹਿੱਸਾ ਲੈਣਾ ਲਾਜ਼ਮੀ ਹੈ।

ਦੂਜਾ, ਪ੍ਰਭੂ ਭੋਜ ਵਿਚ ਭਾਗ ਲੈਣ ਵਾਲਾ ਇਹਨੂੰ ਲੈਣ ਦੇ ਯੋਗ ਹੋਣਾ ਜ਼ਰੂਰੀ ਹੈ। ਕਬੂਲੇ ਜਾਣ ਯੋਗ ਬਣਨ ਲਈ ਪ੍ਰਭੂ ਭੋਜ ਨੂੰ ਹਰ ਕੋਈ ਨਹੀਂ ਖਾ ਸਕਦਾ। ਇਸ ਕਰਕੇ ਸਾਡਾ ਯੋਗ ਹੋਣਾ ਜ਼ਰੂਰੀ ਹੈ। ਇਹਨੂੰ ਕੌਣ ਖਾ ਸਕਦਾ ਹੈ? ਯਿਸੂ ਨੇ ਆਪਣੇ ਰਾਜ ਵਿਚ ਮੇਜ਼ ਰੱਖਣ ਦਾ ਵਾਅਦਾ ਕੀਤਾ ਸੀ (ਲੂਕਾ 22:29-30)। ਫਿਰ ਤਾਂ ਉਹਦਾ ਮਤਲਬ ਹੈ ਕਿ ਸਿਰਫ਼ ਰਾਜ ਦੇ ਵਿਸ਼ਵਾਸੀ ਲੋਕਾਂ ਨੂੰ ਹੀ ਇਹਨੂੰ ਖਾਣ ਦਾ ਹੱਕ ਹੈ। ਰਾਜ ਵਿਚ ਵੜਨ ਲਈ ਬਦਲਿਆ ਹੋਣਾ

ਜ਼ਰੂਰੀ ਹੈ; ਭਾਵ ਜਿਵੇਂ ਕਿ ਇਕ ਹੋਰ ਆਇਤ ਵਿਚ ਦੱਸਿਆ ਗਿਆ ਹੈ ਕਿ ਨਵੇਂ ਸਿਰਿਓਂ ਪੈਦਾ ਹੋਣਾ ਜ਼ਰੂਰੀ ਹੈ (ਮੱਤੀ 18:5; ਯੂਹੰਨਾ 3:3-5)। ਨਵੇਂ ਨੇਮ ਵਿਚ ਬਦਲਣ ਦਾ ਨਿਯਮ ਬੜੇ ਹੀ ਸਪੱਸ਼ਟ ਢੰਗ ਨਾਲ ਠਹਿਰਾਇਆ ਗਿਆ ਹੈ (ਮੱਤੀ 28:19, 20; ਮਰਕੁਸ 16:15, 16; ਲੂਕਾ 24:46, 47; ਰਸੂਲਾਂ ਦੇ ਕੰਮ 2:38)। ਜਦ ਕੋਈ ਇਨ੍ਹਾਂ ਸ਼ਰਤਾਂ ਨੂੰ ਪੂਰਾ ਕਰ ਲੈਂਦਾ ਹੈ, ਤਾਂ ਉਹਦਾ ਨਵੇਂ ਸਿਰਿਓਂ ਜਨਮ ਹੋ ਜਾਂਦਾ ਹੈ ਭਾਵ ਉਹ ਬਦਲ ਜਾਂਦਾ ਹੈ ਅਤੇ ਰਾਜ ਦਾ ਨਾਗਰਿਕ ਬਣ ਜਾਂਦਾ ਹੈ। ਰਾਜ ਵਿਚ ਮਿਲਣ ਵਾਲੀਆਂ ਬਰਕਤਾਂ ਸਿਰਫ਼ ਰਾਜ ਦੇ ਲੋਕਾਂ ਲਈ ਹੀ ਹਨ।

ਇਸ ਤੋਂ ਇਲਾਵਾ ਇਹ ਸਹੀ ਸਮੇਂ ਤੇ ਖਾਧਾ ਜਾਣਾ ਜ਼ਰੂਰੀ ਹੈ। ਮੁੱਢਲੇ ਚੇਲੇ ਪ੍ਰਭੂ ਭੋਜ ਹਫ਼ਤੇ ਦੇ ਪਹਿਲੇ ਦਿਨ ਲੈਂਦੇ ਸਨ (ਰਸੂਲਾਂ ਦੇ ਕੰਮ 20:7)। ਇਸ ਲਈ ਸਾਡੇ ਕੋਲ ਉਸ ਦਿਨ ਇਸ ਨੂੰ ਖਾਣ ਦੀ ਉਦਾਹਰਣ ਨਵੇਂ ਨੇਮ ਵਿਚ ਹੈ। ਹਫ਼ਤੇ ਦੇ ਇਸੇ ਦਿਨ ਪ੍ਰਭੂ ਯਿਸੂ ਮੁਰਦਿਆਂ ਵਿੱਚੋਂ ਜੀ ਉੱਠਿਆ। ਇਸ ਕਰਕੇ ਮਸੀਹ ਨੇ ਇਸ ਯਾਦਗਾਰ ਅਤੇ ਭੋਜ ਨੂੰ ਇਕੱਠਾ ਕਰ ਦਿੱਤਾ ਹੈ। ਜੋ ਖ਼ੁਦਾ ਨੇ ਜੋੜਿਆ ਹੈ ਮਨੁੱਖ ਨੂੰ ਉਹਨੂੰ ਅੱਡ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਪ੍ਰਭੂ ਭੋਜ ਨੂੰ ਸੱਚਾਈ ਨਾਲ, ਜਾਂ ਸੱਚਾਈ ਅਨੁਸਾਰ ਹਫ਼ਤੇ ਦੇ ਪਹਿਲੇ ਦਿਨ ਦੀ ਥਾਂ, ''ਗੁੱਡ ਫ਼ਰਾਈਡੇ'' ਜਾਂ ਕਿਸੇ ਹੋਰ ਦਿਨ ਨਹੀਂ ਲਿਆ ਜਾ ਸਕਦਾ। ਕਹਿੰਦੇ ਹਨ, ''ਪ੍ਰਭੂ ਭੋਜ ਦੇ ਬਿਨਾਂ ਪ੍ਰਭੂ ਦਾ ਦਿਨ, ਖ਼ੁਸ਼ਬੂ ਰਹਿਤ ਗੁਲਾਬ ਅਤੇ ਸ਼ਹਿਦ ਰਹਿਤ ਉਸ ਛੱਤੇ ਵਾਂਗ ਹੈ ਜਿਸ ਵਿੱਚੋਂ ਸਾਰੀ ਮਿਠਾਸ ਕੱਢ ਲਈ ਗਈ ਹੋਵੇ।''

ਪ੍ਰਭੂ ਭੋਜ ਨੂੰ ਕਬੂਲੇ ਜਾਣ ਯੋਗ ਢੰਗ ਖਾਣ ਲਈ ਲਗਾਤਾਰ ਖਾਣਾ ਜ਼ਰੂਰੀ ਹੈ। ਇਹ ਕਿੰਨੇ ਵਕਫ਼ੇ ਬਾਅਦ ਲਿਆ ਜਾਣਾ ਚਾਹੀਦਾ ਹੈ? ''ਹਫ਼ਤੇ ਦੇ ਪਹਿਲੇ ਦਿਨ'' ਲੈਣ ਦੀ ਗੱਲ ਤੋਂ ਇਹਦੇ ਹਰ ਹਫ਼ਤੇ ਲਏ ਜਾਣ ਦਾ ਪਤਾ ਲਗਦਾ ਹੈ। ਪੁਰਾਣੇ ਨੇਮ ਵਿਚ ਸਾਨੂੰ ''ਸੱਬਤ ਦੇ ਦਿਨ ਨੂੰ ਪਵਿੱਤਰ ਜਾਣ ਕੇ ਚੇਤੇ ਰੱਖਣ'' ਦੇ ਹੁਕਮ ਦਾ ਪਤਾ ਲਗਦਾ ਹੈ (ਕੂਚ 20:8)। ਇਸ ਵਿਚ ਇਹ ਨਹੀਂ ਕਿਹਾ ਗਿਆ ਸੀ ਕਿ ''ਹਰ ਸੱਬਤ,'' ਪਰ ਇਹਦਾ ਮਤਲਬ ਇਹੀ ਹੈ ਕਿ ਹਰ ਸੱਬਤ ਵਾਲੇ ਦਿਨ ਨੂੰ ਪਵਿੱਤਰ ਮੰਨਿਆ ਜਾਵੇ। ਭਲਾ ''ਹਫ਼ਤੇ ਦਾ ਪਹਿਲਾ ਦਿਨ'' ਤੋਂ ਪ੍ਰਭੂ ਭੋਜ ਹਰ ਹਫ਼ਤੇ ਲੈਣ ਦਾ ਸੰਕੇਤ ਨਹੀਂ ਹੈ?

ਮਨੁੱਖ ਦੀ ਦਿਲਚਸਪੀ ਬਦਲ ਲੱਭਣ ਵਿਚ ਰਹੀ ਹੈ। ਨਦਾਬ ਅਤੇ ਅਬੀਹੂ ਨੂੰ ਯਾਦ ਕਰੋ (ਲੇਵੀਆਂ ਦੀ ਪੋਥੀ 10), ਜਿਨ੍ਹਾਂ ਦੀ ਬੰਦਗੀ ਓਪਰੀ ਅੱਗ ਦੇ ਬਦਲ ਕਰਕੇ ਕਬੂਲ ਨਹੀਂ ਹੋਈ ਸੀ। ਹੁਕਮ ਮੰਨਣ ਤੋਂ ਪਹਿਲਾਂ ਨਾਮਾਨ ਨੇ ਇਕ ਬਦਲ ਦੱਸਿਆ ਸੀ ਅਤੇ ਅਖ਼ੀਰ ਹੁਕਮ ਮੰਨ ਕੇ ਉਹ ਚੰਗਾ ਹੋ ਗਿਆ ਸੀ (2 ਰਾਜਿਆਂ 5)। ਫ਼ਰੀਸੀ ਲੋਕ ਖ਼ੁਦਾ ਨੂੰ ਕਬੂਲ ਨਹੀਂ ਸਨ ਕਿਉਂਕਿ ਉਨ੍ਹਾਂ ਨੇ ਸੱਚਾਈ ਦੀ ਥਾਂ ਮਨੁੱਖ ਦੀਆਂ ਬਹੁਤ ਸਾਰੀਆਂ ਸਿੱਖਿਆਵਾਂ ਜੋੜ ਦਿੱਤੀਆਂ ਸਨ (ਮੱਤੀ 15:9)।

ਮਨੁੱਖ ਦੇ ਬਦਲਾਂ ਦਾ ਸਭ ਤੋਂ ਬਹੁਤਾ ਸ਼ਿਕਾਰ ਪ੍ਰਭੂ ਭੋਜ ਹੈ। ਕੁਝ ਲੋਕਾਂ ਨੇ ਰੋਟੀ ਅਤੇ ਦਾਖਰਸ ਦੇ ਦੂਜੇ ਬਦਲ ਅਪਣਾ ਲਏ ਸਨ। ਰੋਟੀ ਅਤੇ ਦਾਖਰਸ ਯਾਦਗਾਰ ਦੇ ਰੂਪ ਵਿਚ ਖ਼ੁਦਾ ਵੱਲੋਂ ਮੇਜ਼ 'ਤੇ ਰੱਖਣ ਲਈ ਦਿੱਤੇ ਗਏ ਸੀ ਅਤੇ ਉਨ੍ਹਾਂ ਦੇ ਬਦਲ ਦੀ ਵਰਤੋਂ ਨਹੀਂ ਹੋਣੀ ਚਾਹੀਦੀ। ਕੁਝ ਲੋਕਾਂ ਨੇ ਦਿਨ ਦਾ ਬਦਲ ਕੱਢ ਲਿਆ ਹੈ, ਉਹ ਹਫ਼ਤੇ ਦੇ ਪਹਿਲੇ ਦਿਨ ਦੀ ਥਾਂ ਪ੍ਰਭੂ ਭੋਜ ਕਿਸੇ ਹੋਰ ਦਿਨ ਖਾਂਦੇ ਹਨ। ਬਹੁਤ ਸਾਰੇ ਲੋਕ ਪ੍ਰਭੂ ਭੋਜ ਹਰ ਹਫ਼ਤੇ ਖਾਣਾ ਛੱਡ ਕੇ ਸਾਲ ਵਿਚ ਇਕ ਵਾਰ, ਛੇ ਮਹੀਨੇ ਬਾਅਦ ਜਾਂ ਤਿੰਨ ਮਹੀਨੇ ਬਾਅਦ ਲੈਣ ਲੱਗੇ ਹਨ। ਹੋਰ

ਮਾਮਲਿਆਂ ਵਾਂਗ ਹੀ ਪ੍ਰਭੂ ਭੋਜ ਦਾ ਬਦਲ ਇਸ ਨੂੰ ਤੋੜ ਮਰੋੜ ਕੇ ਇਹਦੀ ਸ਼ਕਲ ਵਿਗਾੜ ਦਿੰਦਾ ਹੈ। ਇਹ ਭੋਜ ''ਸੱਚਾਈ ਨਾਲ'' ਲਿਆ ਜਾਣਾ ਜ਼ਰੂਰੀ ਹੈ। ਜਦ ਬੰਦਗੀ ਵਿਚ ਬਦਲ ਆ ਜਾਂਦੇ ਹਨ ਤਾਂ ਸੱਚਾਈ ਨਿੱਕਲ ਜਾਂਦੀ ਹੈ।

## ਆਤਮਾ ਨਾਲ

1 ਕੁਰਿੰਥੀਆਂ 11 ਮਸੀਹ ਦੀ ਉਸ ਕਲੀਸੀਆ ਦੇ ਨਾਂਅ ਲਿਖਿਆ ਸੀ ਜਿਹਦੇ ਲੋਕ ਇਸ ਪਵਿੱਤਰ ਭੋਜ ਦੀ ਦੁਰਵਰਤੋਂ ਕਰ ਰਹੇ ਸਨ। ਉਹ ਇਹਨੂੰ ਗ਼ਲਤ ਦਿਨ ਨਹੀਂ ਖਾ ਰਹੇ ਸਨ, ਨਾ ਹੀ ਉਨ੍ਹਾਂ ਹਫ਼ਤੇ ਦੇ ਪਹਿਲੇ ਦਿਨ ਦੇ ਬਦਲ ਬਿਨਾ ਕੋਈ ਹੋਰ ਵਿਸ਼ੇਸ਼ ਦਿਨ ਲੱਭਿਆ ਸੀ। ਪਰ ਉਹ ਇਸ ਭੋਜਨ ਦੀ ਅਹਿਮੀਅਤ ਨੂੰ ਭੁੱਲ ਗਏ ਸਨ। ਕੁਰਿੰਥੀਆਂ ਦੇ ਨਾਂਅ ਆਪਣੇ ਖ਼ਤ ਵਿਚ ਪੌਲੁਸ ਨੇ ਇਹਨੂੰ ਸਹੀ ਢੰਗ ਨਾਲ ਲੈਣ ਦਾ ਤਰੀਕਾ ਦੱਸਿਆ।

ਉਹਨੇ ਕਿਹਾ ਕਿ ਇਹਨੂੰ ਲੈਣ ਲਈ ਆਪਣੀ ਜਾਂਚ ਕਰਨਾ ਲਾਜ਼ਮੀ ਹੈ (ਆਇਤ 28)। ਸਾਨੂੰ ਦੂਜਿਆਂ ਦੀ ਨਹੀਂ, ਸਗੋਂ ਆਪਣੀ ਜਾਂਚ ਕਰਨੀ ਜ਼ਰੂਰੀ ਹੈ। *ਪ੍ਰਭੂ ਭੋਜ ਸਾਡੇ ਅੰਦਰ ਵੱਲ ਇਸ਼ਾਰਾ ਕਰਦਾ ਹੈ।*

ਪੌਲੁਸ ਨੇ ਕੁਰਿੰਥੀਆਂ ਨੂੰ ਅਤੇ ਸਾਨੂੰ ਇਹ ਧਿਆਨ ਰੱਖਣ ਦੀ ਚੇਤਾਵਨੀ ਦਿੱਤੀ ਕਿ ਪ੍ਰਭੂ ਭੋਜ ਕਿਸ ਦਿਨ ਖਾਧਾ ਜਾਂਦਾ ਹੈ, ਕਿਉਂਕਿ ਸਹੀ ਢੰਗ ਨਾਲ ਖਾ ਕੇ ਪ੍ਰਭੂ ਦੀ ਮੌਤ ਦਾ ਪ੍ਰਚਾਰ ਕੀਤਾ ਜਾਂਦਾ ਹੈ (ਆਇਤਾਂ 26, 27)। ਅਸੀਂ ਇਹ ਭੋਜ ਖਾਣ ਨਾਲ ਪ੍ਰਚਾਰ ਕਰਦੇ ਹਾਂ! ਆਓ ਸਾਡੇ ਵਿੱਚੋਂ ਹਰੇਕ ਇਹ ਧਿਆਨ ਰੱਖੇ ਕਿ ਇਸ ਭੋਜ ਨੂੰ ''ਗ਼ਲਤ'' ਢੰਗ ਨਾਲ ਨਾ ਖਾਧਾ ਜਾਵੇ। ਆਓ ਹੁਣ ਇਸ ਨੂੰ ਖ਼ੁਦਾ ਦਾ ਭੈ ਰੱਖ ਕੇ ਬੜੇ ਆਦਰ ਨਾਲ ਖਾਈਏ। ਕੁਝ ਲੋਕ ਜੋ ਇਹਨੂੰ ਲਾਪਰਵਾਹੀ ਨਾਲ ਖਾਂਦੇ ਹਨ, ਉਨ੍ਹਾਂ ਦਾ ਇਹ ਵਿਹਾਰ ਘਿਰਣਾਯੋਗ ਹੈ। *ਪ੍ਰਭੂ ਭੋਜ ਬਾਹਰ ਵੱਲ ਇਸ਼ਾਰਾ ਕਰਦਾ ਹੈ।*

ਉਸ ਯਾਦਗਾਰੀ ਭੋਜ ਨਾਲ ਜਿਸ ਦੀ ਸਥਾਪਨਾ ਮਸੀਹ ਨੇ ਕੀਤੀ ਸੀ, ਸਾਡੇ ਮਨ ਪਿਛਾਂਹ ਮੁੜਨਾ। ''ਮੇਰੀ ਯਾਦਗਾਰੀ ਲਈ ਇਹੀ ਕਰਿਆ ਕਰੋ'' (ਆਇਤ 25)। ਸਾਡੇ ਮਨ ਕਲਵਰੀ ਦੀ ਤ੍ਰਾਸਦੀ ਵੱਲ ਪਿੱਛੇ ਮੁੜਨੇ ਚਾਹੀਦੇ ਹਨ। ਵਿਸ਼ਵਾਸ ਦੀ ਅੱਖ ਨਾਲ ਮਸੀਹ ਦਾ ਮਨ ਉਨ੍ਹਾਂ ਸਦੀਆਂ 'ਚੋਂ ਦੀ ਹੋ ਕੇ ਪਹਿਲੀ ਸਦੀ ਵਿਚ ਜਾਂਦਾ ਹੈ। ਇਹ ਮਸੀਹ ਨੂੰ ਸਾਡੇ ਪਾਪਾਂ ਲਈ ਮਰ ਰਿਹਾ ਵੇਖਦਾ ਹੈ; *ਪ੍ਰਭੂ ਭੋਜ ਪਿਛਾਂਹ ਵੱਲ ਇਸ਼ਾਰਾ ਕਰਦਾ ਹੈ।*

ਪੌਲੁਸ ਨੇ ਕਿਹਾ ਕਿ ਰੋਟੀ ਖਾਣ ਅਤੇ ਕਟੋਰੇ ਵਿੱਚੋਂ ਪੀਣ ਨਾਲ ਪ੍ਰਭੂ ਦੀ ਮੌਤ ਦਾ ਪ੍ਰਚਾਰ ਹੁੰਦਾ ਹੈ ''ਜਦ ਤਕ ਉਹ ਨਾ ਆਵੇ'' (ਆਇਤ 26)। ਮਸੀਹੀ ਲੋਕ ਪ੍ਰਭੂ ਭੋਜ ਵਿਚ ਭਾਗ ਲੈ ਕੇ ਪ੍ਰਭੂ ਦੀ ਦੂਜੀ ਆਮਦ ਵਿਚ ਆਪਣੇ ਵਿਸ਼ਵਾਸ ਦਾ ਐਲਾਨ ਕਰਦੇ ਹਨ। ਅਜਿਹਾ ਤਦ ਤਕ ਹੁੰਦਾ ਰਹਿਣਾ ਜ਼ਰੂਰੀ ਹੈ ''ਜਦ ਤਕ ਉਹ ਨਾ ਆਵੇ।'' ਕਿਹਾ ਜਾਂਦਾ ਹੈ ਕਿ ਕਲੀਸੀਆ ਨੂੰ ਹਰ ਹਫ਼ਤੇ ਪ੍ਰਭੂ ਦੀ ਮੇਜ਼ ਲਾਉਣ ਤੋਂ ਇੱਕੋ ਘਟਨਾ ਬੰਦ ਕਰਵਾ ਸਕਦੀ ਹੈ ਅਤੇ ਉਹ ਹੈ ਪ੍ਰਭੂ ਦੀ ਆਮਦ! *ਪ੍ਰਭੂ ਭੋਜ ਅਗਾਂਹ ਵੱਲ ਇਸ਼ਾਰਾ ਕਰਦਾ ਹੈ।*

## ਸਾਰ

ਕੁਰਿੰਥੁਸ ਦੇ ਬਹੁਤ ਸਾਰੇ ਮਸੀਹੀ ਪ੍ਰਭੂ ਭੋਜ ਨੂੰ ਗ਼ਲਤ ਢੰਗ ਨਾਲ ਲੈਣ ਕਰਕੇ ਕਮਜ਼ੋਰ ਅਤੇ ਬੀਮਾਰ ਸਨ। ਬੇਸ਼ੱਕ, ਮਸੀਹ ਦੀ ਦੇਹ ਦੇ ਬਹੁਤ ਸਾਰੇ ਅੰਗ ਅੱਜ ਵੀ ਅਜਿਹੇ ਹਨ ਜਿਹੜੇ

ਕਿਸੇ ਕਾਰਣ ਰੂਹਾਨੀ ਕਸ਼ਟ ਵਿਚ ਹਨ। ਆਓ ਖ਼ਬਰਦਾਰ ਹੋ ਕੇ ਪ੍ਰਭੂ ਭੋਜ ਨੂੰ ਆਤਮਾ ਅਤੇ ਸੱਚਾਈ ਨਾਲ ਲਈਏ।